StartingBlocks.gov.au

# ਤੁਹਾਡੇ ਬੱਚੇ ਲਈ ਸਕੂਲੀ ਸਮੇਂ ਤੋਂ ਬਾਅਦ ਗੁਣਵੱਤਾ ਭਰਪੂਰ ਦੇਖਭਾਲ ਦੀ ਚੋਣ ਕਰਨਾ

ਸਕੂਲੀ ਉਮਰ ਦੇ ਬੱਚਿਆਂ ਵਾਸਤੇ ਗੁਣਵੱਤਾ ਭਰਪੂਰ ਸਿੱਖਿਆ ਅਤੇ ਦੇਖਭਾਲ 'ਸਕੂਲੀ ਸਮੇਂ ਤੋਂ ਬਾਅਦ ਦੀ ਦੇਖਭਾਲ' (Outside School Hours Care – OSHC) ਲਈ ਸੇਵਾਵਾਂ ਵਿੱਚ ਉਪਲਬਧ ਹੁੰਦੀ ਹੈ। OSHC ਸੇਵਾਵਾਂ ਸਕੂਲੀ ਸਮੇਂ ਤੋਂ ਪਹਿਲਾਂ ਅਤੇ ਬਾਅਦ ਦੇਖਭਾਲ ਅਤੇ ਛੁੱਟੀਆਂ (ਛੁੱਟੀ) ਦੌਰਾਨ ਦੇਖਭਾਲ ਦੀ ਪੇਸ਼ਕਸ਼ ਕਰ ਸਕਦੀਆਂ ਹਨ। ਕੁਝ ਪਰਿਵਾਰਕ ਦੈਨਿਕ ਦੇਖਭਾਲ (family day care – FDC) ਸੇਵਾਵਾਂ ਅਤੇ ਕੇਂਦਰ-ਆਧਾਰਿਤ ਲੰਬੀ ਦੈਨਿਕ ਦੇਖਭਾਲ long day care – LDC) ਸੇਵਾਵਾਂ ਵੀ OSHC ਦੀ ਪੇਸ਼ਕਸ਼ ਕਰਦੀਆਂ ਹਨ।

ਖੋਜ ਦਿਖਾਉਂਦੀ ਹੈ ਕਿ ਬਚਪਨ ਵਿਚਲੇ ਅਨੁਭਵ ਬੇਹੱਦ ਮਾਅਨੇ ਰੱਖਦੇ ਹਨ। ਮਨੁੱਖ ਸਮੁੱਚੇ ਜੀਵਨ ਦੌਰਾਨ ਸਿੱਖਦੇ ਅਤੇ ਬਦਲਦੇ ਰਹਿੰਦੇ ਹਨ, ਅਤੇ ਉਹਨਾਂ ਦੇ ਸ਼ੁਰੂਆਤੀ ਅਨੁਭਵ ਵਿਕਾਸ, ਸਿੱਖਣ, ਅਤੇ ਭਲਾਈ ਦਾ ਆਧਾਰ ਬਣਦੇ ਹਨ।

ਪਰਿਵਾਰ ਦਾ ਕਿਸੇ ਬੱਚੇ ਉੱਤੇ ਸਭ ਤੋਂ ਵੱਧ ਅਹਿਮ ਪ੍ਰਭਾਵ ਪੈਂਦਾ ਹੈ, ਅਤੇ ਜੇ ਉਹ ਕਿਸੇ ਸਿੱਖਿਆ ਅਤੇ ਦੇਖਭਾਲ ਸੇਵਾ ਵਿਖੇ ਹਾਜ਼ਰੀ ਭਰਦੇ ਹਨ, ਤਾਂ ਉਥੇ ਵਾਪਰਨ ਵਾਲੇ ਅਨੁਭਵ ਅਤੇ ਰਿਸ਼ਤੇ ਵੀ ਅਹਿਮ ਹੁੰਦੇ ਹਨ।

ਗੁਣਵੱਤਾ ਭਰਪੂਰ 'ਸਕੂਲੀ ਸਮੇਂ ਤੋਂ ਬਾਅਦ ਦੀ ਦੇਖਭਾਲ' (Outside School Hours Care – OSHC) ਦੀਆਂ ਵਿਸ਼ੇਸ਼ਤਾਵਾਂ ਹੇਠ ਲਿਖੇ ਦੇ ਗਿਰਦ ਘੁੰਮਦੀਆਂ ਹਨ:

## ਰਿਸ਼ਤੇ

ਕਿਸੇ ਗੁਣਵੱਤਾ ਭਰਪੂਰ ਸੇਵਾ ਵਿੱਚ, ਬੱਚਿਆਂ ਅਤੇ ਸਿੱਖਿਅਕਾਂ ਵਿਚਾਲੇ ਰਿਸ਼ਤਿਆਂ ਨੂੰ ਬੇਹੱਦ ਮਹੱਤਤਾ ਦਿੱਤੀ ਜਾਂਦੀ ਹੈ, ਅਤੇ ਓਥੇ ਉਹਨਾਂ ਵਿਚਕਾਰ ਕਈ ਨਿੱਘੀਆਂ, ਦੋਸਤਾਨਾ ਅੰਤਰਕਿਰਿਆਵਾਂ ਹੋਣੀਆਂ ਚਾਹੀਦੀਆਂ ਹਨ, ਜਿਨ੍ਹਾਂ ਵਿੱਚ ਬਾਲਗ, ਬੱਚਿਆਂ ਵਾਸਤੇ ਆਦਰ ਦਿਖਾਉਂਦੇ ਹਨ। ਬੱਚੇ ਨੂੰ ਉਸਦੇ ਪਰਿਵਾਰ, ਅਤੇ ਵਧੇਰੇ ਵਿਸ਼ਾਲ ਸਕੂਲੀ ਭਾਈਚਾਰੇ ਦੇ ਸੰਦਰਭ ਵਿੱਚ ਜਾਣਨ ਲਈ, ਸਿੱਖਿਅਕ ਪਰਿਵਾਰਾਂ ਅਤੇ ਸਕੂਲ ਦੇ ਨਾਲ ਭਾਈਵਾਲੀ ਵਿੱਚ ਕੰਮ ਕਰਦੇ ਹਨ। ਸਿੱਖਿਅਕਾਂ, ਪਰਿਵਾਰਾਂ ਅਤੇ, ਬੱਚੇ ਦੇ ਸਕੂਲ ਵਿਚਕਾਰ ਬੱਚਿਆਂ ਦੀਆਂ ਲੋੜਾਂ, ਨਿੱਤਨੇਮਾਂ ਅਤੇ ਅਨੁਭਵਾਂ ਬਾਬਤ ਜਾਣਕਾਰੀ ਦੇ ਅਸਰਦਾਰ ਅਤੇ ਨਿਰੰਤਰ ਵਟਾਂਦਰੇ ਹੋਣੇ ਚਾਹੀਦੇ ਹਨ।

ਕਿਸੇ ਗੁਣਵੱਤਾ ਭਰਪੂਰ ਸੇਵਾ ਵਿੱਚ, ਇਹ ਅਭਿਆਸ ਸਭ ਤੋਂ ਵੱਧ ਅਹਿਮ ਹੁੰਦੇ ਹਨ:

- ਪ੍ਰੋਗਰਾਮ ਦੇ ਵਿਕਾਸ ਦੇ ਅੰਦਰ ਬੱਚਿਆਂ ਤੋਂ ਫੁਰਨਿਆਂ, ਸੁਝਾਵਾਂ ਅਤੇ ਦ੍ਰਿਸ਼ਟੀਕੋਣਾਂ ਦੀ ਮੰਗ ਕੀਤੀ ਜਾਂਦੀ ਹੈ ਅਤੇ ਇਹਨਾਂ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ
- ਬੱਚਿਆਂ ਨੂੰ ਹੋਰਨਾਂ ਨਾਲ ਵਾਜਬ ਅਤੇ ਆਦਰਪੂਰਨ ਤਰੀਕੇ ਨਾਲ ਅੰਤਰਕਿਰਿਆ ਕਰਨ, ਅਤੇ ਅਸਰਦਾਰ ਤਰੀਕੇ ਨਾਲ ਮਾਮਲੇ ਵਿਚਾਰਨ ਅਤੇ ਹੱਲ ਕਰਨ ਲਈ ਸਹਿਯੋਗ ਦਿੱਤਾ ਜਾਂਦਾ ਹੈ
- ਬੱਚਿਆਂ ਨੂੰ ਆਪਣੇ ਖੁਦ ਦੇ ਅਤੇ ਦੂਜੇ ਦੇ ਵਿਵਹਾਰ ਨੂੰ ਨਿਯੰਤਰਿਤ ਕਰਨ ਵਿੱਚ ਮਦਦ ਲਈ ਉਚਿਤ ਅਤੇ ਅਸਰਦਾਰ ਵਿਵਹਾਰ ਸੰਬੰਧੀ ਮਾਰਗ-ਦਰਸ਼ਨ ਦਿੱਤਾ ਜਾਂਦਾ ਹੈ।



## ਅਨੁਭਵ

ਕਿਸੇ ਗੁਣਵੱਤਾ ਭਰਪੂਰ OSHC ਦੀ ਸਥਾਪਨਾ ਵਿੱਚ, ਬੱਚਿਆਂ ਦੇ ਅਨੁਭਵਾਂ ਨੂੰ ਉਹਨਾਂ ਨੂੰ ਖੇਡਣ ਅਤੇ ਪੜਚੋਲ ਕਰਨ ਦੇ ਕਈ ਮੌਕੇ ਪ੍ਰਦਾਨ ਕਰਾਉਣੇ ਚਾਹੀਦੇ ਹਨ, ਅਤੇ ਇਸ ਚੀਜ਼ ਨੂੰ ਪਛਾਣਨਾ ਚਾਹੀਦਾ ਹੈ ਕਿ ਇਹ ਬੱਚਿਆਂ ਵਾਸਤੇ ਸਿੱਖਣ ਅਤੇ ਵਿਕਾਸ ਕਰਨ ਦੇ ਅਦਭੁੱਤ ਤਰੀਕੇ ਹਨ।

ਹੇਠ ਲਿਖੇ ਖਾਸ ਕਰਕੇ ਮਹੱਤਵਪੂਰਨ ਹਨ:

- ਕਿਉਂਕਿ ਬੱਚਿਆਂ ਨੇ ਹੁਣੇ-ਹੁਣੇ ਸਕੂਲ ਵਿਖੇ ਸਮਾਂ ਬਤੀਤ ਕੀਤਾ ਹੁੰਦਾ ਹੈ, ਇਸ ਲਈ OSHC ਦੇ ਅੰਦਰ ਬੱਚਿਆਂ ਨੂੰ ਸ਼ਾਂਤ ਹੋਣ, ਫੁਰਸਤ ਦੀਆਂ ਕਿਰਿਆਵਾਂ ਵਿੱਚ ਭਾਗ ਲੈਣ ਅਤੇ ਆਪਣੇ ਦੋਸਤਾਂ ਅਤੇ ਹਾਣੀਆਂ ਦੇ ਨਾਲ ਸਮਾਂ ਬਤੀਤ ਕਰਨ ਦੇ ਮੌਕੇ ਮਿਲਣੇ ਚਾਹੀਦੇ ਹਨ
- ਬੱਚਿਆਂ ਨੂੰ ਭਾਈਚਾਰੇ ਵਿੱਚ ਭਾਗ ਲੈਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ, ਉਦਾਹਰਨ ਲਈ, ਸਥਾਨਕ ਸੁਵਿਧਾਵਾਂ ਦੀ ਵਰਤੋਂ ਕਰਨ ਦੁਆਰਾ, ਜਿਵੇਂ ਕਿ ਲਾਇਬ੍ਰੇਰੀਆਂ, ਮਨੋਰੰਜਨ ਕੇਂਦਰ ਅਤੇ ਭਾਈਚਾਰਕ ਪ੍ਰੋਜੈਕਟਾਂ ਵਿੱਚ ਭਾਗ ਲੈਣ ਦੁਆਰਾ ਜਿਵੇਂ ਕਿ ਰੁੱਖ ਲਗਾਉਣਾ, ਕਲਾ ਸ਼ੋਅ ਜਾਂ ਕੌਮੀ ਸਾਫ਼-ਸਫ਼ਾਈ ਦੇ ਪ੍ਰੋਜੈਕਟ
- ਬੱਚਿਆਂ ਨੂੰ ਆਪਣੇ ਸਵੈ-ਮਾਣ ਅਤੇ ਆਤਮ-ਵਿਸ਼ਵਾਸ ਦਾ ਵਿਕਾਸ

ਕਰਨ ਲਈ ਸਹਿਯੋਗ ਉਪਲਬਧ ਹੈ

- ਪ੍ਰੋਗਰਾਮ ਦੇ ਅੰਦਰ ਬੱਚਿਆਂ ਵਾਸਤੇ ਕੋਈ ਨਵੀਂ ਰੁਚੀ ਜਾਂ ਸ਼ੌਕ ਸ਼ੁਰੂ ਕਰਨ, ਕੋਈ ਨਵੀਂ ਖੇਡ ਸਿੱਖਣ, ਅਤੇ ਆਪਣੀਆਂ ਰੁਚੀਆਂ ਅਤੇ ਹੁਨਰਾਂ ਨੂੰ ਹੋਰਨਾਂ ਨਾਲ ਸਾਂਝਾ ਕਰਨ ਦੀਆਂ ਸੰਭਾਵਨਾਵਾਂ ਮੌਜੂਦ ਹਨ। .

## ਬੱਚਿਆਂ ਵਾਸਤੇ ਪ੍ਰੋਗਰਾਮ

ਕਿਸੇ ਗੁਣਵੱਤਾ ਭਰਪੂਰ ਸੇਵਾ ਵਿੱਚ, ਯੋਜਨਾਬੱਧ ਕਿਰਿਆਵਾਂ ਹਰ ਬੱਚੇ ਦੀਆਂ ਰੁਚੀਆਂ, ਲੋੜਾਂ ਅਤੇ ਸਮਰੱਥਾਵਾਂ ’ਤੇ ਆਧਾਰਿਤ ਹੁੰਦੀਆਂ ਹਨ। ਗੁਣਵੱਤਾ ਭਰਪੂਰ ਅਭਿਆਸ ਉਸ ਸਮੇਂ ਵਾਪਰਦਾ ਹੈ ਜਦ ਸਿੱਖਿਅਕ ਲਚਕਦਾਰ ਯੋਜਨਾਵਾਂ ਬਣਾਉਂਦੇ ਹਨ, ਅਤੇ ਉਸਾਰੂ ਰਿਸ਼ਤਿਆਂ ਅਤੇ ਬੱਚੇ ਦੇ ਅਨੁਭਵਾਂ ਵਾਸਤੇ ਤਿਆਰੀ ਕਰਦੇ ਹਨ।

ਵਧੇਰੇ ਖਾਸ ਤੌਰ ’ਤੇ:

- ਬੱਚਿਆਂ ਦੇ ਪ੍ਰੋਗਰਾਮਾਂ ਦੇ ਹਰੇਕ ਪੱਖ ਦਾ ਮੁਲਾਂਕਣ ਕਰਨ ਅਤੇ ਉਹਨਾਂ ’ਤੇ ਝਾਤ ਪਾਉਣ ਲਈ ਗੈਰ-ਰਸਮੀਂ ਅਤੇ ਰਸਮੀਂ ਪ੍ਰਕਿਰਿਆਵਾਂ ਸਥਾਪਤ ਹਨ ਜਿਨ੍ਹਾਂ ਦਾ ਟੀਚਾ ਅਭਿਆਸ ਵਿੱਚ ਸੁਧਾਰ ਕਰਨਾ ਹੈ
- ਯੋਜਨਾਬੰਦੀ ਬੱਚਿਆਂ ਨੂੰ ਚੋਣਾਂ ਕਰਨ ਦੀ ਇਜਾਜ਼ਤ ਦਿੰਦੀ ਹੈ ਅਤੇ ਉਹਨਾਂ ਦੇ ਕਾਰਜਕ੍ਰਮ ਵਿੱਚ ਲਚਕਦਾਰਤਾ ਦਾ ਨਿਰਮਾਣ ਕਰਦੀ ਹੈ। ਦਿਨ ਦੀ ਵਿਉਂਤਬੰਦੀ ਕਰਨ ਦਾ ਤਰੀਕਾ, ਜਿਸ ਵਿੱਚ ਨਿੱਤਨੇਮ ਜਾਂ ਰੋਜ਼ਾਨਾ ਦੇ ਅਨੁਭਵ ਵੀ ਸ਼ਾਮਲ ਹਨ, ਵਾਧੇ-ਘਾਟੇ ਕਰਨ ਦੇ ਯੋਗ ਬਣਾਉਂਦਾ ਹੈ, ਅਜਿਹਾ ਅਣਕਿਆਸੀਆਂ ਘਟਨਾਵਾਂ ਅਤੇ ਵੱਖ-ਵੱਖ ਬੱਚਿਆਂ ਦੀਆਂ ਲੋੜਾਂ ਨੂੰ ਗਿਣਤੀ-ਮਿਣਤੀ ਵਿੱਚ ਲੈਂਦੇ ਹੋਏ ਕੀਤਾ ਜਾਂਦਾ ਹੈ।

## ਵਾਤਾਵਰਣ

ਸਰੋਤ, ਕਿਸੇ OSHC ਵਾਤਾਵਰਣ ਦਾ ਇੱਕ ਪ੍ਰਮੁੱਖ ਪੱਖ ਹਨ, ਅਤੇ ਵੱਖ-ਵੱਖ ਕਿਸਮ ਦੀਆਂ ਅੰਦਰੂਨੀ ਅਤੇ ਬਾਹਰੀ ਖੇਡ ਅਤੇ ਸਿੱਖਣ ਸਮੱਗਰੀਆਂ, ਸਾਜ਼ੋ-ਸਾਮਾਨ ਅਤੇ ਸਰੋਤ ਹੋਣੇ ਚਾਹੀਦੇ ਹਨ, ਤਾਂ ਜੋ ਬੱਚੇ ਉਹਨਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਵਰਤ ਸਕਣ। ਇਹਨਾਂ ਸਮੱਗਰੀਆਂ ਨੂੰ ਬੱਚਿਆਂ ਨੂੰ ਪੜਚੋਲ ਕਰਨ, ਸੋਚਣ ਅਤੇ ਸਮੱਸਿਆਵਾਂ ਹੱਲ ਕਰਨ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ, ਅਤੇ ਨਾਲ ਹੀ ਉਹਨਾਂ ਦੀ ਸਿਰਜਣਾਤਮਕਤਾ ਦਾ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਉਹਨਾਂ ਦੀ ਉਤਸੁਕਤਾ ਨੂੰ ਟੁੰਬਣਾ ਚਾਹੀਦਾ ਹੈ।

ਸੇਵਾ ਭਾਸ਼ਾ ਅਤੇ ਪ੍ਰਿੰਟ ਵਿੱਚ ਭਰਪੂਰ ਹੋਣੀ ਚਾਹੀਦੀ ਹੈ। ਉਦਾਹਰਨ ਲਈ, ਬੱਚੇ ਵੱਖ-ਵੱਖ ਕਿਸਮਾਂ ਦੇ ਸਾਹਿਤ ਤੱਕ ਪਹੁੰਚ ਕਰਨ ਦੇ ਯੋਗ ਹੋਣੇ ਚਾਹੀਦੇ ਹਨ ਜਿਵੇਂ ਕਿ ਕਿਤਾਬਾਂ ਅਤੇ ਰਸਾਲੇ।

OSHC ਸੇਵਾਵਾਂ ਕਈ ਵਾਰ ਅਜਿਹੇ ਸਥਾਨਾਂ ਤੋਂ ਆਪਣੀਆਂ ਕਾਰਵਾਈਆਂ ਚਲਾਉਂਦੀਆਂ ਹਨ, ਜਿਨ੍ਹਾਂ ਨੂੰ ਉਹ ਹੋਰਨਾਂ ਨਾਲ ਸਾਂਝਾ ਕਰਦੀਆਂ ਹਨ, (ਜਿਵੇਂ ਕਿ ਸਕੂਲ ਦੇ ਹਾਲ ਜਾਂ ਜਮਾਤ ਦਾ ਕਮਰਾ) ਜਿਸਦਾ ਮਤਲਬ ਇਹ ਹੈ ਕਿ ਉਹਨਾਂ ਕੋਲ ਚੀਜ਼ਾਂ ਸੰਭਾਲਣ ਵਾਸਤੇ ਜਗ੍ਹਾ ਤੱਕ ਸੀਮਤ ਪਹੁੰਚ ਹੋ ਸਕਦੀ ਹੈ। ਉਹਨਾਂ ਨੂੰ ਉਹਨਾਂ ਵੱਲੋਂ ਵਰਤੀ ਜਾਂਦੀ ਸਮੁੱਚੀ ਜਗ੍ਹਾ ਨੂੰ ਸਥਾਪਤ ਕਰਨ ਅਤੇ ਹਰ ਸੈਸ਼ਨ ਦੇ ਅੰਤ ’ਤੇ ਇਸਨੂੰ ਸਮੇਟਣ ਦੀ ਲੋੜ ਹੋ ਸਕਦੀ ਹੈ।

ਕਿਸੇ ਗੁਣਵੱਤਾ ਭਰਪੂਰ ਸੇਵਾ ਵਿੱਚ:

- ਬੱਚਿਆਂ ਕੋਲ ਸਖਤ ਸਰੀਰਕ ਕਿਰਿਆ ਵਿੱਚ ਆਹਰੇ ਲੱਗਣ ਲਈ ਉਚਿਤ ਸੁਰੱਖਿਅਤ ਜਗ੍ਹਾ ਹੁੰਦੀ ਹੈ, ਜਿਵੇਂ ਕਿ ਵੱਖ-ਵੱਖ ਕਿਸਮ ਦੀਆਂ ਟੀਮ ਖੇਡਾਂ, ਤਾਂ ਜੋ ਸਕੂਲ ਤੋਂ ਬਾਅਦ ‘ਭਾਫ਼ ਬਾਹਰ ਕੱਢੀ ਜਾ ਸਕੇ’
- ਉਚਿਤ ਜਗ੍ਹਾ ਅਤੇ ਸਰੋਤ ਉਹਨਾਂ ਬੱਚਿਆਂ ਵਾਸਤੇ ਉਪਲਬਧ ਹਨ ਜੋ ਸਕੂਲ ਤੋਂ ਮਿਲਿਆ ਘਰ ਦਾ ਕੰਮ (ਹੋਮਵਰਕ) ਕਰਨ ਦੀ ਚੋਣ ਕਰਦੇ ਹਨ
- ਜਿੱਥੇ ਕਿਤੇ ਸੁਵਿਧਾਵਾਂ ਨੂੰ ਛੋਟੇ ਬੱਚਿਆਂ ਨਾਲ ਸਾਂਝਾ ਕੀਤਾ ਜਾਂਦਾ ਹੈ (LDC ਜਾਂ FDC ਦੇ ਮਾਮਲੇ ਵਿੱਚ), ਉੱਥੇ ਉਚਿਤ ਫਰਨੀਚਰ ਅਤੇ ਸਰੋਤ ਉਪਲਬਧ ਹੋਣੇ ਚਾਹੀਦੇ ਹਨ, ਜੋ ਸਕੂਲੀ ਉਮਰ ਦੇ ਬੱਚਿਆਂ ਵਾਸਤੇ ਉਚਿਤ ਹੋਣ।

## ਸਿਹਤ ਅਤੇ ਸੁਰੱਖਿਆ

ਬੱਚਿਆਂ ਦੀ ਸਿਹਤ ਬਰਕਰਾਰ ਰੱਖਣਾ ਅਤੇ ਉਹਨਾਂ ਨੂੰ ਸੁਰੱਖਿਅਤ ਰੱਖਣਾ ਹਰੇਕ ਸੇਵਾ ਦੀ ਬੁਨਿਆਦੀ ਜ਼ਿੰਮੇਵਾਰੀ ਹੈ।

ਸੇਵਾ ਸਥਾਪਨਾਵਾਂ ਵਿਚਲੇ ਬੱਚਿਆਂ ਦੀ ਛੂਤਕਾਰੀ ਬਿਮਾਰੀਆਂ ਦੇ ਸੰਪਰਕ ਵਿੱਚ ਆਉਣ ਦੀ ਸੰਭਾਵਨਾ ਘਰ ਨਾਲੋਂ ਵਧੇਰੇ ਹੁੰਦੀ ਹੈ। ਸੇਵਾ ਨੂੰ ਸਿਹਤ ਅਤੇ ਸੁਰੱਖਿਆ ਵਿੱਚ ਸਰਵੋਤਮ ਅਭਿਆਸ ਦੀ ਸੰਪੂਰਨ ਸਮਝ ਹੋਣੀ ਚਾਹੀਦੀ ਹੈ, ਅਤੇ ਅਜਿਹੀਆਂ ਲਿਖਤੀ ਨੀਤੀਆਂ ਹੋਣੀਆਂ ਚਾਹੀਦੀਆਂ ਹਨ ਜੋ ਇਸ ਸਰਵੋਤਮ ਅਭਿਆਸ ਦੀ ਝਲਕ ਦਿੰਦੀਆਂ ਹੋਣ ਅਤੇ ਇਸਦਾ ਸਹਿਯੋਗ ਕਰਦੀਆਂ ਹੋਣ।

ਕਿਸੇ ਗੁਣਵੱਤਾ ਭਰਪੂਰ ਸੇਵਾ ਨੂੰ ਇਹ ਕਰਨਾ ਚਾਹੀਦਾ ਹੈ:

- ਧੁੱਪ ਤੋਂ ਸੁਰੱਖਿਆ ਵਾਸਤੇ ਸਿਫਾਰਸ਼ ਕੀਤੇ ਜਾਂਦੇ ਅਭਿਆਸਾਂ ਨੂੰ ਲਾਗੂ ਕਰਨਾ
- ਬੱਚਿਆਂ ਦੀ ਅਸਰਦਾਰ ਤਰੀਕੇ ਨਾਲ ਨਿਗਰਾਨੀ ਕਰਨਾ, ਅਤੇ ਯਕੀਨੀ ਬਣਾਉਣਾ ਕਿ ਬੱਚਿਆਂ ਨੂੰ ਜਾਨਵਰਾਂ ਤੱਕ, ਸਕੂਲ ਵਿਚਲੀਆਂ ਉਹਨਾਂ ਜਗ੍ਹਾਵਾਂ ਤੱਕ ਬਗੈਰ-ਨਿਗਰਾਨੀ ਪਹੁੰਚ ਨਾ ਹੋਵੇ ਜੋ OSHC ਸੇਵਾ ਦਾ ਭਾਗ ਨਹੀਂ ਹਨ
- ਇਹ ਯਕੀਨੀ ਬਣਾਉਣਾ ਕਿ ਵਾਤਾਵਰਣ ਧੂੰਏਂ, ਨਸ਼ੀਲੀ ਦਵਾਈ ਅਤੇ ਸ਼ਰਾਬ ਤੋਂ ਮੁਕਤ ਹੋਵੇ
- ਅਜਿਹੀ ਨੀਤੀ ਹੋਣਾ ਜੋ ਸਿਹਤਮੰਦ ਪੋਸ਼ਣ ਨੂੰ ਵਧਾਵਾ ਦੇਵੇ, ਇਸ ਵਿੱਚ ਉਹ ਮੌਕੇ ਵੀ ਸ਼ਾਮਲ ਹਨ ਜਦ ਭੋਜਨ ਘਰੋਂ ਲਿਆਂਦਾ ਜਾਂਦਾ ਹੈ।

ਇਹ ਫੈਸਲਾ ਕਰਨ ਲਈ ਕਿ ਕੀ ਕੋਈ ਸੇਵਾ ਤੁਹਾਡੇ ਬੱਚੇ ਲਈ ਢੁਕਵੀਂ ਹੋਵੇਗੀ ਜਾਂ ਨਹੀਂ, ਤੁਹਾਨੂੰ ਸੇਵਾ ਵਿਖੇ ਘੱਟੋ-ਘੱਟ ਇੱਕ ਵਾਰ ਫੇਰੀ ਪਾਉਣੀ ਚਾਹੀਦੀ ਹੈ, ਤਾਂ ਜੋ ਬੱਚਿਆਂ ਦੇ ਵਾਤਾਵਰਣ ਵਿੱਚ ਕੁਝ ਸਮਾਂ ਬਤੀਤ ਕੀਤਾ ਜਾ ਸਕੇ ਅਤੇ ਸੇਵਾ ਵਿਖੇ ਮੌਜੂਦ ਸਿੱਖਿਅਕਾਂ ਨਾਲ ਬੱਚਿਆਂ ਦੇ ਪ੍ਰੋਗਰਾਮ ਅਤੇ ਨਿੱਤਨੇਮਾਂ ਬਾਰੇ ਗੱਲਬਾਤ ਕੀਤੀ ਜਾ ਸਕੇ।

ਕਈ OSHC ਸੇਵਾਵਾਂ ਸਕੂਲ ਦੇ ਦਿਸ਼ਾਮਾਨ (orientation) ਦੇ ਭਾਗ ਵਜੋਂ ਇੱਕ ਦਿਸ਼ਾਮਾਨ ਸੈਸ਼ਨ ਦਾ ਆਯੋਜਨ ਕਰਨਗੀਆਂ, ਅਤੇ ਇਹ ਤੁਹਾਡੇ ਬੱਚੇ ਨੂੰ ਵਾਤਾਵਰਣ ਵਿੱਚ ਵਧੇਰੇ ਆਸਾਨੀ ਨਾਲ ਰਚਣ-ਮਿਚਣ ਵਿੱਚ ਮਦਦ ਕਰ ਸਕਦਾ ਹੈ।